# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ, ਮੋਹਾਲੀ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇ-8, ਮੋਹਾਲੀ, ਫੋਨ ਨੰ. 0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਸਮੂਹ ਸਕੂਲ ਮੁੱਖੀ (ਵੈੱਬ ਸਾਇਟ ਰਾਹੀਂ)
ਪੰਜਾਬ।

ਮੀਮੋ ਨੰ: SCERT, QP/UP/2020/ 2021107877 ਮਿਤੀ:- 30.03.2021

**ਵਿਸ਼ਾ:- ਅਗਾਮੀ ਸੈਸ਼ਨ 2021-22 ਲਈ NTSE/NMMS ਦੀ ਤਿਆਰੀ ਸੰਬੰਧੀ।**

ਹਵਾਲਾ: ਇਸ ਦਫ਼ਤਰ ਦੇ ਪੱਤਰ ਨੰ: SCERT/QP/UP/2021/13658 **ਮਿਤੀ**: 12.01.2021

1. ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।
2. ਅਗਾਮੀ ਸ਼ੈਸ਼ਨ 2021-2022 ਵਿਚ ਸਮੂਹ ਸਕੂਲ ਮੁਖੀਆਂ ਨੂੰ ਸੈਸ਼ਨ ਦੇ ਸ਼ੁਰੂ ਵਿਚ ਹੀ NTSE/NMMS ਦੀ ਤਿਆਰੀ ਲਈ ਵਿਓਤਬੰਦੀ ਕਰਨ ਲਈ ਹੇਠ ਲਿਖੇ ਨੁਕਤਿਆ ਤੇ ਕੰਮ ਸ਼ੁਰੂ ਕਰ ਲਿਆ ਜਾਵੇ ਜੀ :-

2.1. ਸਮੂਹ ਸਕੂਲ ਮੁਖੀ ਆਪਣੇ ਸਕੂਲ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਗੁਣਾਤਮਕ ਸਿੱਖਿਆ ਦੇਣ ਲਈ ਕਰਵਾਈਆਂ ਜਾਣ ਵਾਲੀਆਂ ਪ੍ਰੀਖਿਆਵਾਂ ਜਿਵੇਂ ਕਿ NTSE/NMMS/Olympiad ਆਦਿ ਦੀ ਤਿਆਰੀ ਕਰਵਾਉਣ ਲਈ ਆਪਣੇ ਸਕੂਲ ਦੇ ਕਿਸੇ ਇਕ ਅਧਿਆਪਕ ਨੂੰ ਬਤੌਰ Nodal Officer ਨਿਯੁਕਤ ਕਰਨ ਜੋ ਕਿ Head office ਵੱਲੋਂ ਇਹਨਾਂ ਪ੍ਰੀਖਿਆਵਾਂ ਦੀ ਤਿਆਰੀ ਦੇ ਸਬੰਧ ਵਿੱਚ ਮਿਲੀ ਜਾਣਕਾਰੀ, ਨਤੀਜੇ ਵਿਸ਼ਲੇਸ਼ਣ ਆਦਿ ਵਿਦਿਆਰਥੀਆਂ ਨਾਲ ਸਾਂਝਾ ਕਰ ਸਕਣ।

2.2. ਵਿਦਿਆਰਥੀਆਂ ਨੂੰ ਇਹਨਾਂ ਪ੍ਰਤਿਭਾ ਖੋਜ ਪ੍ਰੀਖਿਆਵਾਂ ਲਈ ਵੱਧ ਤੋਂ ਵੱਧ ਭਾਗ ਲੈਣ ਅਤੇ ਇਹਨਾਂ ਪ੍ਰੀਖਿਆਵਾਂ ਦੇ ਹੋਣ ਵਾਲੇ ਫਾਇਦਿਆਂ ਬਾਰੇ ਦੱਸਣ ਲਈ, ਨਿਯੁਕਤ Nodal officer ਵਿਦਿਆਰਥੀਆਂ ਨੂੰ ਪ੍ਰੋਤਸਾਹਿਤ ਕਰਨਗੇ।

2.3. ਮੌਜੂਦਾ ਸੈਸ਼ਨ ਦੌਰਾਨ ਲਈ ਗਈ ਪ੍ਰੀ-ਬੋਰਡ ਪ੍ਰੀਖਿਆਵਾਂ ਦੇ ਨਤੀਜਿਆ ਦੇ ਅਧਾਰ ਤੇ March 31, 2021 ਤਕ ਸਕੂਲ ਦੇ ਮੌਜੂਦ ਨੌਵੀ ਅਤੇ ਸੱਤਵੀਂ ਜਮਾਂਤਾ ਦੇ ਪ੍ਰਤਿਭਾਵਾਨ ਵਿਦਿਆਰਥੀਆਂ ਨੂੰ ਉਹਨਾਂ ਦੇ ਵਿਸ਼ਾ ਅਧਿਆਪਕਾਂ ਨਾਲ ਤਾਲ ਮੇਲ ਕਰਕੇ identify ਕੀਤਾ ਜਾਵੇ ਤਾਂ ਜੋ April 1, 2021 ਤੋਂ ਹੀ NTSE/NMMS **ਦੀ ਤਿਆਰੀ ਸ਼ੁਰੂ** ਕਰਵਾਈ ਜਾ ਸਕੇ।

2.4. ਇਸ ਸਬੰਧ ਵਿਚ ਸਕੂਲ ਮੁੱਖੀ ਅਤੇ ਨਿਯੁਕਤ ਨੋਡਲ ਅਫ਼ਸਰ, ਸਾਲਾਨਾ ਪ੍ਰੀਖਿਆਵਾਂ ਤੋਂ ਬਾਅਦ identify ਕੀਤੇ ਗਏ ਵਿਦਿਆਰਥੀਆਂ ਦੇ parents ਨਾਲ ਮੀਟਿੰਗ ਕਰਨ ਤਾਂ ਜੋ ਉਨ੍ਹਾਂ ਨੂੰ ਇਹਨਾਂ ਪ੍ਰੋਤਿਭਾ ਖੋਜ ਪ੍ਰੀਖਿਆਵਾਂ ਦੀ ਮਹੱਤਤਾ ਅਤੇ ਮਿਲਣ ਵਾਲੇ ਆਦਿ incentives ਬਾਰੇ ਜਾਣੂ ਕਰਵਾਇਆ ਜਾ ਸਕੇ।

2.5. ਸੈਸ਼ਨ 2021-22 ਵਿੱਚ EDUSAT ਰਾਹੀਂ ਵੀ NMMS/ NTSE ਲਈ ਤਿਆਰੀ ਲਈ Lecture ਸ਼ੁਰੂ ਕੀਤੇ ਜਾ ਰਹੇ ਹਨ। ਇਸ ਸਬੰਧੀ ਵਿਭਾਗ ਵੱਲੋਂ ਜਾਰੀ ਸਮਾਂ ਸਾਰਣੀ ਨੋਟ ਕਰਵਾਈ ਜਾਵੇਗੀ।

30/3/21

ਡਾਇਰੈਕਟਰ
ਐਸ.ਸੀ.ਈ.ਆਰ.ਟੀ, ਪੰਜਾਬ